17.9.5

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਲਾਲਾ ਹਰਦਿਆਲ ਦੀਆਂ ਯਾਦਗਾਰੀ ਲਿਖਤਾਂ :** ਲਾਲਾ ਹਰਦਿਆਲ ਦਾ ਇਕ ਲੇਖ ਹੈ 'ਬਰਾਬਰੀ ਦਾ ਅਰਥ' ਜੋ ਇਕ ਕਿਤਾਬਚੇ ਦੀ ਸ਼ਕਲ ਵਿਚ ਮਿਲਦਾ ਹੈ। ਮਨੁੱਖੀ ਚੇਤਨਾ ਨੂੰ ਤਿੱਖਾ ਕਰਨ ਲਈ ਸਾਹਿਤ ਦੀ ਭੂਮਿਕਾ ਹੁਣ ਪੂਰੀ ਤਰ੍ਹਾਂ ਸਥਾਪਤ ਹੈ। ਇਸ ਭੂਮਿਕਾ ਵਿਚ ਲਾਲ ਹਰਦਿਆਲ ਦੀਆਂ ਲਿਖਤਾਂ, ਜੋ ਲੋਕਾਂ ਨੂੰ ਸਿੱਧਾ ਸੰਬੋਧਨ ਹਨ, ਬਹੁਤ ਵੱਡੀ ਥਾਂ ਰਖਦੀਆਂ ਹਨ। ਲਾਲਾ ਹਰਦਿਆਲ (ਜਨਮ 1884, ਮੌਤ 1939) ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਦੀ ਲਹਿਰ ਦੇ ਜਾਣੇ ਪਹਿਚਾਣੇ ਹਸਤਾਖਰ ਹਨ। 1912 ਵਿਚ ਬਾਬਾ ਸੋਹਨ ਸਿੰਘ ਭਕਨਾ ਨਾਲ ਰਲਕੇ ਉਨ੍ਹਾਂ ਨੇ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ। 'ਗ਼ਦਰ' ਅਖ਼ਬਾਰ ਦੇ ਉਹ ਪਹਿਲੇ ਐਡੀਟਰ ਸਨ। 'ਹਿੰਟਸ ਫਾਰ ਸੈਲਫ ਕਲਚਰ' ਇਨ੍ਹਾਂ ਦੀ ਪ੍ਰਸਿੱਧ ਕਿਤਾਬ ਹੈ।

'ਬਰਾਬਰੀ ਦਾ ਅਰਥ' ਲੇਖ ਦਾ ਮੁਢਲਾ ਪੈਰਾ ਹੈ- ਇਕ ਲਫਜ਼, ਜਿਸ ਦੇ ਅਰਥ ਸਾਰੇ ਹਿੰਦੀਆਂ ਨੂੰ ਸਿੱਖਣੇ ਚਾਹੀਦੇ ਹਨ। ਉਹ ਲਫਜ਼ ਹੈ 'ਬਰਾਬਰੀ'। ਭਾਈਚਾਰਕ ਉਨਤੀ ਤੇ ਕਾਬਲੀਅਤ ਦਾ ਇਹ ਮੂਲ ਮੰਤਰ ਹੈ। ਭਾਰਤੀ ਫਿਲਾਸਫੀ ਦੀਆਂ ਪੁਰਾਣੀਆਂ ਪੁਸਤਕਾਂ ਵਿਚ ਇਹਦਾ ਜ਼ਿਕਰ ਬਹੁਤ ਘੱਟ ਆਇਆ ਹੈ, ਕਿਉਂਕਿ ਉਨ੍ਹਾਂ ਪੁਸਤਕਾਂ ਦੇ ਲੇਖਕ ਨਾਬਰਾਬਰੀ ਨੂੰ ਆਪਣੇ ਭਾਈਚਾਰਕ ਢਾਂਚੇ ਦੀ ਬੁਨਿਆਦ ਦੇਖਣ ਦੇ ਆਦੀ ਚਲੇ ਆਏ ਹਨ। ਸਿਆਸਤ ਨੂੰ ਵਿਚ ਲਿਆਏ ਬਗੈਰ ਵੀ ਇਹ ਕਿਹਾ ਜਾ ਸਕਦਾ ਹੈ ਕਿ 'ਬਰਾਬਰੀ' ਅੱਜ ਦੇ ਮਨੁੱਖ ਦੀ ਸਾਰਿਆਂ ਨਾਲੋਂ ਵੱਡੀ ਚਾਹ ਹੈ।

ਲਾਲਾ ਹਰਦਿਆਲ ਅਨੁਸਾਰ ਬਰਾਬਰੀ ਦਾ ਅਰਥ ਹੈ ਕਿ ਕਿਸੇ ਇਨਸਾਨ ਦੀ ਮਰਜ਼ੀ ਦਾ ਕਿਸੇ ਦੇ ਦਬਾਓ ਹੇਠਾਂ ਨਾ ਆਉਣਾ, ਕਿਸੇ ਆਦਮੀ ਦਾ ਆਪਣੀ ਰੋਜ਼ੀ ਰੋਟੀ ਵਾਸਤੇ ਕਿਸੇ ਦੂਸਰੇ ਦੇ ਰਹਿਮੋ ਕਰਮ 'ਤੇ ਨਾ ਹੋਣਾ। ਮਾਇਕ ਬਰਾਬਰੀ ਸੱਚੀ ਬਰਾਬਰੀ ਦਾ ਇਕ ਅੰਗ ਹੈ। ਕੋਈ ਆਦਮੀ ਅਮੀਰ ਨਹੀਂ ਬਣ ਸਕਦਾ ਜਦੋਂ ਤਕ ਕਿਸੇ ਦੂਜੇ ਨੂੰ ਗਰੀਬ ਨਾ ਕਰੇ। ਜ਼ਮੀਨ ਜਾਇਦਾਦ ਦੀ ਮਾਲਕੀ, ਸਰਮਾਏ ਦੀ ਮਾਲਕੀ, ਤਾਲੀਮ ਦੀ ਇਜਾਰੇਦਾਰੀ, ਤਾਕਤ ਦੀ ਭੁੱਖ, ਧਰਮਾਂ ਦੀ ਫਿਲਾਸਫੀ ਦੀ ਨਿੱਜੀ ਹਿੱਤਾਂ ਲਈ ਵਰਤੋਂ, ਇਹ ਉਹ ਢੰਗ ਹਨ, ਜਿਨ੍ਹਾਂ ਨਾਲ ਲੋਕ ਅਮੀਰ ਬਣਦੇ ਹਨ। ਜਦੋਂ ਵੀ ਤੁਸੀਂ ਕੋਈ ਐਸਾ ਆਦਮੀ ਵੇਖੋ ਜਿਹੜਾ ਧਨ ਪੈਦਾ ਨਾ ਕਰਦਾ ਹੋਵੇ ਪਰ ਖਰਚ ਕਰਦਾ ਹੋਵੇ, ਉਸ ਨੂੰ ਸਵਾਲ ਕਰੋ ਕਿ ਉਹ ਆਪਣੀ ਰੋਜ਼ੀ ਕਿਸ ਤਰ੍ਹਾਂ ਕਮਾਉਂਦਾ ਹੈ। ਇਹ ਸਵਾਲ ਹੀ ਮਨੁੱਖੀ ਚੇਤਨਾ ਦੇ ਵਿਕਾਸ ਦੇ ਅਮਲ ਦੀ ਇਕ ਕੜੀ ਹੈ। ਸਮਾਨਤਾ ਦਾ ਅਸੂਲ ਮੰਗ ਕਰਦਾ ਹੈ ਕਿ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਲਈ ਅਮੀਰ ਤੇ ਗਰੀਬ ਦਾ ਫਰਕ ਮਿਟਾ ਦਿੱਤਾ ਜਾਵੇ।

ਅਮਰਜੀਤ ਚੰਦਨ ਦੁਆਰਾ ਅਨੁਵਾਦਿਤ ਇਹ ਕਿਤਬਚਾ 1988 ਵਿਚ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਾਪਿਆ ਗਿਆ ਸੀ। ਲਾਲਾ ਹਰਦਿਆਲ ਦੀਆਂ ਲਿਖਤਾਂ ਪੰਜਾਬੀ ਰੂਪ ਵਿਚ ਪਾਠਕਾਂ ਅੱਗੇ ਲਿਆਂਦੀਆ ਜਾਣਗੀਆਂ, ਇਹ ਪ੍ਰਤਿਗਿਆ ਆਪਣੀ ਅਮਰੀਕਾ ਦੀ ਨਾਟਕ ਫੇਰੀ ਦੌਰਾਨ ਸਾਨਫਰਾਸਿਸਕੋ, ਵਿਚ ਗ਼ਦਰ ਯਾਦਗਾਰ ਆਸ਼ਰਮ ਦੀ ਯਾਤਰਾ ਵੇਲੇ ਸਾਡੇ ਕਲਾਕਾਰਾਂ ਵਲੋਂ ਕੀਤੀ ਗਈ ਹੈ।

**ਇਕ ਅਫਸਰ ਦਾ ਜਨਮ :** ਨ੍ਰਿਪਇੰਦਰ ਰਤਨ ਦਾ ਇਕ ਕਹਾਣੀ ਸੰਗ੍ਰਹਿ ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ ਦੀ ਦੇਣ ਹੈ। ਅੱਜ ਇਹ ਜਾਣੀ ਹੋਈ ਸੱਚਾਈ ਹੈ ਕਿ ਭਾਰਤ ਦਾ ਪ੍ਰਬੰਧਕੀ ਢਾਂਚਾ ਨਿਕੰਮੇ ਸ਼ਬਦ ਨਾਲ ਜਾਣਿਆ ਜਾਂਦਾ ਹੈ। ਇਸ ਸੱਚਾਈ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਉਸ ਵੇਲੇ ਹੁੰਦਾ, ਜਦੋਂ ਤੁਸੀਂ ਆਪਣੇ ਦੇਸ਼ ਤੋਂ ਬਾਹਰ ਜਓ। ਪ੍ਰਬੰਧ ਵਿਚ ਸਾਡੇ ਅਫਸਰਾਂ ਦੀ ਅਤੇ ਵਿਸ਼ੇਸ਼ ਕਰਕੇ ਆਈ.ਏ.ਐਸ. ਦੇ ਕੈਡਰ ਦੇ ਅਫਸਰਾਂ ਦੀ ਭੂਮਿਕਾ ਨੋਟ ਕਰਨ ਵਾਲੀ ਬਣਦੀ ਹੈ। ਕਿਹਾ ਜਾਂਦਾ ਹੈ ਕਿ ਇਹ ਕੈਡਰ ਦੇਸ਼ ਦੀ ਲਿਆਕਤ ਦੀ ਕਰੀਮ ਹੈ। ਪਰ 48 ਸਾਲਾਂ ਵਿਚ ਹੁਣ ਇਹ ਸਾਬਤ ਹੋ ਗਿਆ ਹੈ ਕਿ ਇਹ ਕਰੀਮ ਸਿਰਫ ਫੋਕੀ ਝੱਗ ਹੀ ਹੈ। ਵੱਡਾ ਕਾਰਨ ਹੈ ਕਿ ਇਸ ਕੈਡਰ ਦੀ ਸਾਰੀ ਸਿਖਲਾਈ ਇਸ ਤਰ੍ਹਾਂ ਹੈ ਕਿ ਇਸ ਕੈਡਰ ਦੇ ਅਫਸਰਾਂ ਨੂੰ ਸਾਧਾਰਨ ਲੋਕਾਂ ਤੋਂ ਬਿਲਕੁਲ ਅਲੱਗ ਥਲੱਗ ਕਰ ਦਿੱਤਾ ਜਾਏ। ਹਾਕਮ ਸਿਆਸਤਦਾਨਾਂ ਦਾ ਆਪਣਾ ਹਿੱਤ ਵੀ ਇਸੇ ਵਿਚ ਹੈ ਕਿ ਇਹ ਅਫਸਰ ਲੋਕਾਂ ਕੋਲੋਂ ਦੂਰ ਹੀ ਰਹਿਣ।

ਅਫਸਰਾਂ ਅਤੇ ਸਿਆਸਤਦਾਨਾਂ ਵਿਚ ਜਿਹੜੀ ਮਿਲੀਭੁਗਤ ਇੰਨੇ ਸਾਲਾਂ ਤੋਂ ਚਲੀ ਆ ਰਹੀ ਸੀ, ਹੁਣ ਇਸ ਵਿਚ ਤ੍ਰੇੜਾਂ ਆਉਣੀਆਂ ਸ਼ੁਰੂ ਹੋਈਆਂ ਹਨ। ਪਿਛਲੇ ਇਕ ਸਾਲ ਵਿਚ ਇਹ ਸਾਰਿਆਂ ਨਾਲੋਂ ਅਹਿਮ ਨੋਟ ਕਰਨ ਵਾਲੀ ਸਚਾਈ ਹੈ। ਯੂ.ਪੀ., ਬਿਹਾਰ ਵਿਚ ਹੁਣ ਅਫਸਰਸ਼ਾਹੀ ਨੂੰ ਵੀ ਸੇਕ ਲੱਗਿਆ ਹੈ। ਉਹ ਹੀ ਲੋਕ ਜੋ ਸਧਾਰਨ ਲੋਕਾਂ ਵਲੋਂ ਯੂਨੀਅਨਾਂ ਬਣਾਉਣ ਦਾ ਮਜ਼ਾਕ ਉਡਾਂਦੇ ਸਨ, ਨਿਖੇਧੀ ਕਰਦੇ ਸਨ, ਉਹ ਆਪ ਯੂਨੀਅਨਾਂ ਬਣਾਉਣ 'ਤੇ ਮਜਬੂਰ ਹੋ ਗਏ ਹਨ।

**ਤਰਕਸ਼ੀਲ ਲਹਿਰ :** ਸਭਿਆਚਾਰਕ ਵਿਕਾਸ ਦਾ ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ 1980 ਤੋਂ ਬਾਅਦ, ਪੰਜਾਬ ਵਿਚ ਹੋਂਦ 'ਚ ਆਈ ਤਰਕਸ਼ੀਲ ਲਹਿਰ ਦਾ ਜ਼ਿਕਰ ਸੁਨਹਿਰੀ ਸ਼ਬਦਾਂ ਵਿਚ ਕੀਤਾ ਜਾਵੇਗਾ। ਇਸ ਲਹਿਰ ਨੇ ਵਹਿਮਾਂ ਭਰਮਾਂ ਦੇ ਵਿਰੁੱਧ ਜਿਹੜੀ ਮੁਹਿੰਮ ਲਗਾਤਾਰਤਾ ਨਾਲ ਚਲਾਈ ਹੈ, ਉਹਦੇ ਲਈ ਸਮਾਜ ਇਸ ਲਹਿਰ ਦਾ ਹਮੇਸ਼ਾ ਰਿਣੀ ਰਵੇਗਾ। ਗਣੇਸ਼ ਜੀ ਦੀ ਮੂਰਤੀ ਨੂੰ ਦੁੱਧ ਪਿਆਉਣ ਦੀ ਘਟਨਾ ਬਾਰੇ ਕੌਮੀ ਪ੍ਰੈਸ ਨੇ ਨੋਟ ਕੀਤਾ ਹੈ ਕਿ ਇਹਦਾ ਅਸਰ ਪੰਜਾਬ ਵਿਚ ਸਾਰਿਆਂ ਨਾਲੋਂ ਘੱਟ ਵੇਖਣ ਨੂੰ ਮਿਲਿਆ ਹੈ। ਇਹਦਾ ਸਿਹਰਾ ਬਹੁਤ ਹੱਦ ਤਕ ਤਰਕਸ਼ੀਲ ਲਹਿਰ ਨੂੰ ਜਾਂਦਾ ਹੈ ਕਿ ਇਹਦੇ ਕਾਰਕੁਨਾਂ ਨੇ ਨਿੱਜੀ ਖਤਰੇ ਸਹੇੜਕੇ ਵੀ ਤਰਕਸ਼ੀਲਤਾ ਦਾ ਝੰਡਾ ਬੁਲੰਦ ਰੱਖਿਆ।